Innovation, Science and Economic Development Canada
Office of the Superintendent of Bankruptcy Canada
Innovation, Sciences et Développement économique Canada
Bureau du surintendant des faillites Canada

# ਕਰਜ਼ੇ ਵਿੱਚ ਡੁੱਬੇ ਹੋ?

## ਇੱਕ ਨਵੀਂ ਸ਼ੁਰੂਆਤ ਕਰਨ ਬਾਰੇ ਸੋਚ ਰਹੇ ਹੋ?

### ਦੀਵਾਲਾ ਪਰਕਿਰਿਆ ਤੇ ਉਪਭੋਗਤਾਵਾਂ ਲਈ ਜਾਣਕਾਰੀ



Canada

© ਹਰ ਮੈਜਸਟੀ ਦਾ ਕਵੀਨ ਇਨ ਰਾਇਟ ਆਫ ਕੈਨੇਡਾ,
ਉਦਯੋਗ ਮੰਤਰੀ ਦੁਆਰਾ ਪੇਸ਼ਕਸ਼ ਕੀਤੇ ਜਾਣ ਵਜੋਂ, 2018

Cat. No. Iu76-9/2018Pu-PDF
ISBN 978-0-660-24080-0

Also available in English under the title
*Consumed by debt? Considering a fresh start?*
*Information for consumers on the insolvency process*
Aussi offert en français sous le titre
Croulez-vous *sous les dettes? Songez-vous à repartir à neuf?*
*Information sur la procédure d'insolvabilité à l'intention des consommateurs*



# ਇੱਕ ਨਿਜੀ ਵਿੱਤੀ ਸੰਕਟਕਾਲ ਚੱਲ ਰਿਹਾ ਹੈ?

ਸਾਡੇ ਵਿੱਚੋਂ ਕੁਝ ਲੋਕ ਆਪਣੀਆਂ ਜ਼ਿੰਦਗੀਆਂ ਦੇ ਦੌਰਾਨ ਇੱਕ ਨਿਜੀ ਵਿੱਤੀ ਸੰਕਟਕਾਲ ਦਾ ਸਾਮ੍ਹਣਾ ਕਰਣਗੇ। ਅਸੀਂ ਕੁਝ ਪੈਸੇ ਦੀਆਂ ਸਮੱਸਿਆਵਾਂ ਨੂੰ ਖੁਦ ਹੀ ਹੱਲ ਕਰਨ ਦੇ ਯੋਗ ਹੋ ਸਕਦੇ ਹਾਂ, ਪਰ ਕਈ ਵਾਰੀ ਸਾਨੂੰ ਪੇਸ਼ੇਵਰ ਮਦਦ ਦੀ ਲੋੜ ਹੁੰਦੀ ਹੈ। ਇਹ ਇੱਕ ਅਜਿਹੀ ਸਮੱਸਿਆ ਹੋ ਸਕਦੀ ਹੈ ਜੋ ਸਮੇਂ ਦੇ ਨਾਲ ਮਾੜੀ ਬਣ ਜਾਂਦੀ ਹੈ। ਜਾਂ ਇਹ ਨੌਕਰੀ ਚਲੀ ਜਾਣ, ਇੱਕ ਗੰਭੀਰ ਬਿਮਾਰੀ, ਤਲਾਕ ਜਾਂ ਕੋਈ ਹੋਰ ਵੱਡੀ ਜੀਵਨ ਦੀ ਘਟਨਾ ਦੇ ਕਰਕੇ ਅਚਾਨਕ ਵਾਪਰਿਆ ਹੋ ਸਕਦਾ ਹੈ।

ਕਾਰਨ ਕੋਈ ਵੀ ਹੋਵੇ, ਜੇ ਤੁਸੀਂ ਆਪਣੇ ਨਿਜੀ ਬਿੱਲਾਂ ਜਾਂ ਕਰਜ਼ਿਆਂ ਦਾ ਭੁਗਤਾਨ ਨਹੀਂ ਕਰ ਸਕਦੇ ਹੋ, ਤਾਂ ਤੁਹਾਡੇ ਕੋਲ ਵਿਕਲਪ ਉਪਲਬਧ ਹਨ।

## ਖਤਰੇ ਦੇ ਸੰਕੇਤਾਂ ਦੀ ਪਛਾਣ ਕਰੋ

ਤੁਹਾਨੂੰ ਕਰਜ਼ੇ ਦੀ ਸਮੱਸਿਆ ਹੋਈ ਹੈ, ਜਾਂ ਤੁਹਾਨੂੰ ਅਜਿਹੀ ਕੋਈ ਸਮੱਸਿਆ ਹੋਣ ਵਾਲੀ ਹੈ, ਜੇ:

- ਤੁਸੀਂ ਲਗਾਤਾਰ ਆਪਣੇ ਖਰਚੇ ਦੀ ਸੀਮਾ ਨੂੰ ਪਾਰ ਕਰਦੇ ਹੋ ਜਾਂ ਤੁਸੀਂ ਇੱਕ ਸੁਵਿਧਾ ਦੀ ਬਜਾਏ ਇੱਕ ਜ਼ਰੂਰਤ ਵਜੋਂ ਆਪਣੇ ਕ੍ਰੈਡਿਟ ਕਾਰਡਾਂ ਦਾ ਉਪਯੋਗ ਕਰਦੇ ਹੋ।
- ਤੁਸੀਂ ਹਮੇਸ਼ਾ ਅਗਲੇ ਦਿਨ ਕੱਟੇ ਜਾਣ ਵਾਸਤੇ ਇੱਕ ਦਿਨ ਦੇ ਭੁਗਤਾਨ ਨੂੰ ਪੂਰਾ ਕਰਨ ਲਈ ਉਧਾਰ ਲੈਂਦੇ ਹੋ।
- ਤੁਸੀਂ ਮਾਸਿਕ ਤੌਰ ਤੇ ਸਿਰਫ ਵਿਆਜ਼ ਅਤੇ ਸੇਵਾ ਸ਼ੁਲਕਾਂ ਦਾ ਹੀ ਭੁਗਤਾਨ ਕਰਦੇ ਹੋ ਅਤੇ ਕਈ ਮਹੀਨਿਆਂ ਤਕ ਆਪਣੇ ਕੁੱਲ ਕਰਜ਼ੇ ਨੂੰ ਨਹੀਂ ਘਟਾਉਂਦੇ ਹੋ।
- ਉਧਾਰ ਦੇਣ ਵਾਲੇ ਤੁਹਾਨੂੰ ਭੁਗਤਾਨ ਕਰਨ ਲਈ ਦਬਾਵ ਪਾਉਂਦੇ ਹਨ, ਇੱਕ ਵੇਤਨ ਮਜ਼ਦੂਰੀ ਨੂੰ ਪ੍ਰਾਪਤ ਕੀਤਾ ਹੈ, ਤੁਹਾਡੇ ਤੇ ਮੁਕੱਦਮਾ ਕਰਨ ਜਾਂ ਤੁਹਾਡੀ ਕਾਰ, ਫਰਨੀਚਰ ਜਾਂ ਟੀਵੀ ਨੂੰ ਕਬਜ਼ੇ ਵਿੱਚ ਲੈਣ ਦੀ ਦੀ ਧਮਕੀ ਮਿਲਦੀ ਹੈ, ਜਾਂ ਉਨ੍ਹਾਂ ਲਈ ਪੈਸੇ ਵਸੂਲ ਕਰਨ ਲਈ ਇੱਕ ਕਲੈਕਸ਼ਨ ਏਜੰਸੀ ਨੂੰ ਕੰਮ ਤੇ ਲਗਾਉਂਦੇ ਹਨ।
- ਉਪਯੋਗਿਤਾ ਕੰਪਨੀਆਂ ਸੇਵਾਵਾਂ ਬੰਦ ਕਰ ਦਿੰਦੀਆਂ ਹਨ ਕਿਉਂਕਿ ਤੁਹਾਡੇ ਬਿੱਲਾਂ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ।

# ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ ਨਾਲ ਸੰਪਰਕ ਕਰੋ

## ਆਪਣੇ ਸਾਰੇ ਵਿਕਲਪਾਂ ਬਾਰੇ ਜਾਣੂ ਹੋਣ ਲਈ ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ ਦੇ ਨਾਲ ਮਿਲੋ

ਜੇ ਤੁਸੀਂ ਗੰਭੀਰ ਵਿੱਤੀ ਮੁਸ਼ਕਲਾਂ ਦਾ ਸਾਮ੍ਹਣਾ ਕਰ ਰਹੇ ਹੋ, ਤਾਂ ਤੁਸੀਂ ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ (ਐਲਆਈਟੀ) ਦੇ ਨਾਲ ਮਿਲਣ ਦੀ ਇੱਛਾ ਕਰੋਗੇ। ਜਦੋਂ ਤੁਸੀਂ ਇੱਕ ਐਲਆਈਟੀ ਨਾਲ ਮਿਲਦੇ ਹੋ, ਉਦੋਂ ਆਪਣੀ ਵਿੱਤੀ ਸਥਿਤੀ ਬਾਰੇ ਸਾਰੀ ਜਾਣਕਾਰੀ ਨਾਲ ਲਿਆਓ: ਕ੍ਰੈਡਿਟ ਕਾਰਡ ਸਟੇਟਮੈਂਟਾਂ, ਬੈਂਕ ਦੀਆਂ ਸਟੇਟਮੈਂਟਾਂ, ਗਿਰਵੀਨਾਮੇ ਦੇ ਰਿਕਾਰਡ, ਲੋਨ ਦੇ ਦਸਤਾਵੇਜ਼, ਆਦਿ। ਇੱਕ ਐਲਆਈਟੀ ਤੁਹਾਡੇ ਲਈ ਉਪਲਬਧ ਭਿੰਨ-ਭਿੰਨ ਵਿਕਲਪਾਂ ਦੇ ਗੁਣਾਂ ਅਤੇ ਸਿੱਟਿਆਂ ਦੀ ਵਿਆਖਿਆ ਕਰੇਗਾ। ਆਮਤੌਰ ਤੇ, ਐਲਆਈਟੀ ਇਸ ਪਹਿਲੀ ਬੈਠਕ ਲਈ ਪੈਸੇ ਵਸੂਲ ਨਹੀਂ ਕਰਦੀ ਹੈ।

ਐਲਆਈਟੀ ਤੁਹਾਡੇ ਅਤੇ ਤੁਹਾਨੂੰ ਉਧਾਰ ਦੇਣ ਵਾਲਿਆਂ ਦੇ ਵਿੱਚ ਹਿੱਤਾਂ ਦੇ ਇੱਕ ਸੰਤੁਲਨ ਦੀ ਪੇਸ਼ਕਸ਼ ਕਰਦਾ ਹੈ ਅਤੇ ਉਹ ਅਦਾਲਤ ਦਾ ਇੱਕ ਅਧਿਕਾਰੀ ਹੁੰਦਾ ਹੈ। ਤੁਹਾਡੇ ਹਲਾਤ ਦਾ ਮੁਲਾਂਕਣ ਕਰਨ ਵਿੱਚ ਤੁਹਾਡੀ ਮਦਦ ਕਰਨ ਤੋਂ ਇਲਾਵਾ, ਐਲਆਈਟੀ ਪ੍ਰਸਤਾਵ ਅਤੇ ਦੀਵਾਲੀਆਪਨ ਪਰਕਿਰਿਆਵਾਂ ਦੋਹਾਂ ਬਾਰੇ ਤੁਹਾਨੂੰ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰੇਗਾ ਅਤੇ ਇਹ ਯਕੀਨੀ ਬਣਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਕਿ ਉਧਾਰ ਦੇਣ ਵਾਲਿਆਂ ਦੇ ਅਧਿਕਾਰਾਂ ਦੇ ਨਾਲ-ਨਾਲ, ਤੁਹਾਡੇ ਅਧਿਕਾਰਾਂ ਦਾ ਵੀ ਸਤਿਕਾਰ ਕੀਤਾ ਜਾਂਦਾ ਹੈ।

### ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ ਕੀ ਹੁੰਦਾ ਹੈ?

ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ (ਐਲਆਈਟੀ) ਸਰਕਾਰ ਦੁਆਰਾ ਨਿਯੰਤ੍ਰਿਤ ਦੀਵਾਲਾ ਪਰਕਿਰਿਆਵਾਂ ਦਾ ਪ੍ਰਬੰਧਨ ਕਰਨ ਲਈ ਅਧਿਕਾਰਤ ਇਕੱਲਾ ਪੇਸ਼ੇਵਰ ਹੈ ਜੋ ਤੁਹਾਨੂੰ ਤੁਹਾਡੇ ਕਰਜ਼ੇ ਤੋਂ ਮੁਕਤ ਕੀਤੇ ਜਾਣ ਦੀ ਆਗਿਆ ਦਿੰਦਾ ਹੈ, ਜਿਵੇਂ ਕਿ ਇੱਕ ਉਪਭੋਗਤਾ ਪ੍ਰਸਤਾਵ ਜਾਂ ਇੱਕ ਦੀਵਾਲੀਆਪਨ।

ਜਦੋਂ ਤੁਸੀਂ ਇੱਕ ਐਲਆਈਟੀ ਦੀ ਚੋਣ ਕਰਦੇ ਹੋ, ਤਾਂ ਤੁਸੀਂ ਵਿਸ਼ਵਾਸੀ ਹੋ ਸਕਦੇ ਹੋ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਗੱਲ੍ਹਬਾਤ ਕਰ ਰਹੇ ਹੋ ਜਿਸ ਨੇ ਦਰਸਾਇਆ ਹੈ ਕਿ ਉਨ੍ਹਾਂ ਕੋਲ ਦੀਵਾਲੀਆਪਨ ਦੇ ਪ੍ਰਬੰਧਕ ਦੇ ਦਫਤਰ ਤੋਂ ਇੱਕ ਲਸੰਸ ਦੀ ਮਨਜ਼ੂਰੀ ਦਿੱਤੇ ਜਾਣ ਲਈ ਗਿਆਨ, ਅਨੁਭਵ ਅਤੇ ਕੌਸ਼ਲ ਹਨ।

ਇੱਕ ਐਲਆਈਟੀ:

- ਵਿੱਤੀ ਮੁਸ਼ਕਲਾਂ ਹੋਣ ਵਾਲੇ ਉਪਭੋਗਤਾਵਾਂ ਦੇ ਮਾਮਲਿਆਂ ਦੀ ਸਮੀਖਿਆ ਕਰਦਾ ਹੈ ਅਤੇ ਵਿਕਲਪਾਂ ਦੀ ਸੰਪੂਰਨ ਰੇਂਜ ਪ੍ਰਦਾਨ ਕਰਦਾ ਹੈ।
- ਤੁਹਾਡੇ ਵਲੋਂ ਲੈਣਦਾਰਾਂ ਦੇ ਨਾਲ ਗੱਲ੍ਹਬਾਤ ਕਰਦਾ ਹੈ।
- ਉਪਭੋਗਤਾ ਦੇ ਅਧਿਕਾਰਾਂ ਦੀ ਸ਼ੋਸ਼ਣ ਹੋਣ ਤੋਂ ਰੱਖਿਆ ਕਰਦਾ ਹੈ।

## ਆਪਣੇ ਖੇਤਰ ਵਿੱਚ ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ ਦੀ ਭਾਲ ਕਰਨ ਲਈ:

- Canada.ca ਵੈਬਸਾਇਟ ਤੇ ਉਪਲਬਧ ਲਸੰਸਸ਼ੁਦਾ ਦੀਵਾਲਾ ਟ੍ਰਸਟੀ ਡੇਟਾਬੇਸ ਦੀ ਭਾਲ ਕਰੋ।

ਇੱਕ ਕਰਜ਼ੇ ਦਾ ਸਲਾਹਕਾਰ ਕੀ ਹੁੰਦਾ ਹੈ?

ਕਰਜ਼ੇ ਦੇ ਸਲਾਹਕਾਰ ਆਮਤੌਰ ਤੇ ਇੱਕ ਉਪਭੋਗਤਾ ਪ੍ਰਸਤਾਵ ਜਾਂ ਦੀਵਾਲੀਆਪਨ ਦੀ ਫਾਇਲ ਲਗਾਉਣ ਤੋਂ ਪਹਿਲਾਂ, ਇਸ ਦੇ ਦੌਰਾਨ ਅਤੇ ਇਸ ਤੋਂ ਬਾਅਦ ਕਰਜ਼ਾ ਲੈਣ ਵਾਲਿਆਂ ਨੂੰ ਸੇਵਾਵਾਂ ਦੀ ਵਿਕਰੀ ਕਰਦੇ ਹਨ। ਇਸ ਤੋਂ ਉਲਟ, ਗੈਰ-ਮੁਨਾਫਾ ਕ੍ਰੈਡਿਟ ਸਲਾਹਕਾਰ ਜ਼ਿਆਦਾਤਰ ਉਨ੍ਹਾਂ ਦੀਆਂ ਸੇਵਾਵਾਂ ਲਈ ਕੋਈ ਫੀਸ ਵਸੂਲ ਨਹੀਂ ਕਰਦੇ ਹਨ ਅਤੇ ਵਿੱਤੀ ਸਲਾਹ ਦੀ ਲੋੜ ਹੋਣ ਵਾਲੇ ਕਿਸੇ ਵੀ ਵਿਅਕਤੀ ਲਈ ਸਲਾਹਕਾਰੀ ਦੀ ਪੇਸ਼ਕਸ਼ ਕਰਦੇ ਹਨ।

## ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ ਅਤੇ ਇੱਕ ਕਰਜ਼ੇ ਦੇ ਸਲਾਹਕਾਰ ਦੇ ਵਿੱਚ ਅੰਤਰ ਨੂੰ ਜਾਣੋ

| | ਲਸੰਸਸ਼ੁਦਾ ਦੀਵਾਲਾ ਟ੍ਰਸਟੀ | ਕਰਜ਼ੇ ਦਾ ਸਲਾਹਕਾਰ |
|---|---|---|
| ਮੁਫਤ ਪਹਿਲੀ ਸਲਾਹ | ✓ | ? |
| ਇੱਕ ਉਪਭੋਗਤਾ ਪ੍ਰਸਤਾਵ ਨੂੰ ਫਾਇਲ ਕਰ ਸਕਦਾ ਹੈ | ✓ | ✗ |
| ਇੱਕ ਦੀਵਾਲੀਆਪਨ ਫਾਇਲ ਕਰ ਸਕਦਾ ਹੈ | ✓ | ✗ |
| ਸੰਘੀ ਤੌਰ ਤੇ ਲਸੰਸਸ਼ੁਦਾ | ✓ | ✗ |
| ਸੰਘੀ ਤੌਰ ਤੇ ਨਿਯੰਤ੍ਰਿਤ | ✓ | ✗ |
| ਸਰਕਾਰ ਦੁਆਰਾ ਮੁਲਾਂਕਣ ਕੀਤਾ ਅਨੁਭਵ ਅਤੇ ਸਿੱਖਿਆ | ✓ | ✗ |
| ਨਿਯਾਮਕੀ ਫੀਸਾਂ | ✓ | ✗ |
| ਰਵਾਇਤੀ ਸ਼ਿਕਾਇਤ ਵਿਧੀ | ✓ | ? |
| ਸੰਘੀ ਮਾਨਕਾਂ ਤੇ ਪ੍ਰਦਾਨ ਕੀਤੀ ਘੱਟ ਨਿਰਧਾਰਿਤ ਦਰ ਤੇ ਦੀਵਾਲੀਆ ਸਲਾਹਕਾਰੀ | ✓ | ✗ |

# ਉਪਭੋਗਤਾ ਪ੍ਰਸਤਾਵ ਅਤੇ ਦੀਵਾਲੀਆਪਨ ਪਰਕਿਰਿਆ ਨੂੰ ਸਮਝਣਾ

ਤੁਹਾਡੇ ਵਿੱਤੀ ਸੰਕਟਕਾਲ ਲਈ ਕਈ ਤਰ੍ਹਾਂ ਦੇ ਸੰਭਵ ਸਮਾਧਾਨ ਹੁੰਦੇ ਹਨ। ਇਹ ਖੰਡ ਦੀਵਾਲੀਆਪਨ ਦੇ ਪ੍ਰਬੰਧਨ ਦੇ ਦਫਤਰ (ਓਐਸਬੀ) ਦੁਆਰਾ ਨਿਗਰਾਨੀ ਕੀਤੇ ਦੋ ਰਵਾਇਤੀ ਸਮਾਧਾਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ: ਉਪਭੋਗਤਾ ਪ੍ਰਸਤਾਵ ਅਤੇ ਦੀਵਾਲੀਆਪਨ, ਜੋ ਕੈਨੇਡਾ ਦੇ ਬੈਂਕ੍ਰਪਸੀ ਐਂਡ ਇਨਸੋਲਵੈਂਸੀ ਐਕਟ ਦੇ ਤਹਿਤ ਕਾਨੂੰਨੀ ਰੱਖਿਆ ਦੀ ਪੇਸ਼ਕਸ਼ ਕਰਦਾ ਹੈ। ਦੋਵੇਂ ਸਮਾਧਾਨ ਈਮਾਨਦਾਰ, ਪਰ ਬਦਕਿਸਮਤ ਕਰਜ਼ਦਾਰ ਨੂੰ ਉਨ੍ਹਾਂ ਦੇ ਜ਼ਿਆਦਾਤਰ ਕਰਜ਼ਿਆਂ ਤੋਂ ਮੁਕਤੀ ਪਾਉਣ ਦੀ ਆਗਿਆ ਦਿੰਦੇ ਹਨ।

## ਉਪਭੋਗਤਾ ਪ੍ਰਸਤਾਵ

ਜੇ ਤੁਹਾਡਾ ਕੁੱਲ ਕਰਜ਼ਾ $250,000 (ਤੁਹਾਡੇ ਗਿਰਵੀਨਾਮੇ ਸਮੇਤ ਨਹੀਂ) ਤੋਂ ਘੱਟ ਹੈ, ਤਾਂ ਉਪਭੋਗਤਾ ਪ੍ਰਸਤਾਵ ਤੁਹਾਡੇ ਲਈ ਸਹੀ ਵਿਕਲਪ ਹੋ ਸਕਦਾ ਹੈ।

ਇੱਕ ਉਪਭੋਗਤਾ ਪ੍ਰਸਤਾਵ ਲੈਣਦਾਰਾਂ ਨੂੰ ਉਸ ਦੀ ਇੱਕ ਪ੍ਰਤੀਸ਼ਤ ਦਾ ਭੁਗਤਾਨ ਕਰਨ ਜੋ ਕਿ ਉਨ੍ਹਾਂ ਦਾ ਬਕਾਇਆ ਹੈ ਜਾਂ ਉਹ ਸਮਾਂ ਵਧਾਉਣ ਦੀ ਇੱਕ ਯੋਜਨਾ ਹੈ ਜਿਸ ਵਿੱਚ ਤੁਹਾਨੂੰ ਆਪਣੇ ਕਰਜ਼ੇ ਦਾ ਭੁਗਤਾਨ ਕਰਨ ਦੀ ਲੋੜ ਹੈ, ਜਾਂ ਇਸ ਵਿੱਚ ਦੋਵੇਂ ਸ਼ਾਮਲ ਹੋ ਸਕਦੇ ਹਨ।

ਇਸ ਵਿਕਲਪ ਦੇ ਨਾਲ, ਤੁਸੀਂ ਲਸੰਸਸ਼ੁਦਾ ਦੀਵਾਲਾ ਟ੍ਰਸਟੀ (ਐਲਆਈਟੀ) ਨੂੰ ਭੁਗਤਾਨ ਕਰਦੇ ਹੋ, ਅਤੇ ਫੇਰ ਇਹ ਪੈਸਾ ਲੈਣਦਾਰਾਂ ਦੇ ਵਿੱਚ ਵੰਡਿਆ ਜਾਂਦਾ ਹੈ।

ਕਾਨੂੰਨ ਦੇ ਤਹਿਤ, ਤੁਸੀਂ ਇੱਕ ਉਪਭੋਗਤਾ ਪ੍ਰਸਤਾਵ ਵਿੱਚ ਨਿਰਧਾਰਤ ਭੁਗਤਾਨਾਂ ਨੂੰ ਕਰਨ ਲਈ ਪੰਜ ਸਾਲ ਤੋਂ ਜ਼ਿਆਦਾ ਸਮਾਂ ਨਹੀਂ ਲੈ ਸਕਦੇ ਹੋ।

## ਇੱਕ ਉਪਭੋਗਤਾ ਪ੍ਰਸਤਾਵ ਨੂੰ ਫਾਇਲ ਕਿਉਂ ਕਰਨਾ ਹੈ?

ਇੱਕ ਉਪਭੋਗਤਾ ਪ੍ਰਸਤਾਵ ਦੀਵਾਲਾ ਘੋਸ਼ਿਤ ਕੀਤੇ ਜਾਣ ਤੋਂ ਬਿਨਾਂ ਤੁਹਾਡੀਆਂ ਪੈਸੇ ਨਾਲ ਸਬੰਧੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਦੀਵਾਲੀਆਪਨ ਤੋਂ ਉਲਟ, ਜੇ ਤੁਹਾਨੂੰ ਕਰਜ਼ੇ ਦੇਣ ਵਾਲੇ ਤੁਹਾਡੇ ਪ੍ਰਸਤਾਵ ਨੂੰ ਸਵੀਕਾਰ ਕਰਦੇ ਹਨ, ਅਤੇ ਜਿੰਨੀ ਦੇਰ ਤਕ ਤੁਸੀਂ ਆਪਣੇ ਪ੍ਰਸਤਾਵ ਦੇ ਨਿਯਮਾਂ ਦੀ ਪਾਲਣਾ ਕਰਦੇ ਹੋ, ਤੁਹਾਨੂੰ ਆਪਣੀ ਸੰਪੱਤੀ (ਜਿਵੇਂ ਕਿ, ਕੋਈ ਵੀ ਬੱਚਤਾਂ ਜਾਂ ਨਿਵੇਸ਼, ਤੁਹਾਡੀ ਕਾਰ, ਤੁਹਾਡਾ ਘਰ, ਆਦਿ) ਨੂੰ ਆਪਣੇ ਕੋਲ ਰੱਖਣ ਦੇ ਯੋਗ ਕੀਤਾ ਜਾਵੇਗਾ।

## ਤੁਹਾਡੇ ਲੈਣਦਾਰਾਂ ਦਾ ਪ੍ਰਸਤਾਵ ਲਈ ਰਾਜ਼ੀ ਹੋਣਾ ਲਾਜ਼ਮੀ ਹੈ

ਤੁਹਾਡੀ ਫਾਇਲ ਦੇ ਨਾਲ ਵਿਹਾਰ ਕਰਨ ਵਾਲੀ ਐਲਆਈਟੀ ਇੱਕ ਪ੍ਰਸਤਾਵ ਨੂੰ ਵਿਕਸਿਤ ਕਰਨ ਲਈ ਤੁਹਾਡੇ ਨਾਲ ਕੰਮ ਕਰੇਗੀ ਜਿਸ ਦੀ ਤੁਹਾਨੂੰ ਕਰਜ਼ੇ ਦੇਣ ਵਾਲਿਆਂ ਦੁਆਰਾ ਮਨਜ਼ੂਰੀ ਦਿੱਤੇ ਜਾਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਤੁਹਾਡਾ ਐਲਆਈਟੀ ਓਐਸਬੀ ਕੋਲ ਪ੍ਰਸਤਾਵ ਨੂੰ ਫਾਇਲ ਕਰੇਗਾ। ਐਲਆਈਟੀ ਤੁਹਾਡੇ ਨਿਜੀ ਹਲਾਤ ਅਤੇ ਤੁਹਾਡੀਆਂ ਵਿੱਤੀ ਮੁਸ਼ਕਲਾਂ ਦੇ ਕਾਰਨਾਂ ਦੀ ਇੱਕ ਰਿਪੋਰਟ ਦੇ ਨਾਲ-ਨਾਲ, ਲੈਣਦਾਰਾਂ ਨੂੰ ਪ੍ਰਸਤਾਵ ਦੀ ਇੱਕ ਨਕਲ ਵੀ ਪ੍ਰਦਾਨ ਕਰੇਗਾ।

ਤੁਹਾਡੇ ਲੈਣਦਾਰਾਂ ਨੂੰ ਤੁਹਾਡੇ ਉਪਭੋਗਤਾ ਪ੍ਰਸਤਾਵ ਨੂੰ ਜਾਂ ਤੇ ਸਵੀਕਾਰ ਜਾਂ ਫੇਰ ਅਸਵੀਕਾਰ ਕਰਨ ਲਈ 45 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ।

## ਜੇ ਤੁਹਾਡੇ ਪ੍ਰਸਤਾਵ ਨੂੰ ਸਵੀਕਾਰ ਕੀਤਾ ਜਾਂਦਾ ਹੈ:

- ਤੁਸੀਂ ਐਲਆਈਟੀ ਨੂੰ ਜਾਂ ਤੇ ਇੱਕ ਉੱਕੀ ਪੁੱਕੀ ਰਕਮ ਜਾਂ ਫੇਰ ਰੁੱਕ-ਰੁੱਕ ਕੇ ਭੁਗਤਾਨਾਂ ਨੂੰ ਕਰਨ ਲਈ ਅਤੇ ਪ੍ਰਸਤਾਵ ਵਿੱਚ ਕੋਈ ਵੀ ਹੋਰ ਸ਼ਰਤਾਂ ਨੂੰ ਪੂਰਾ ਕਰਨ ਲਈ ਜ਼ੁੰਮੇਵਾਰ ਹੋਵੋਗੇ;
- ਤੁਸੀਂ ਆਪਣੀ ਸੰਪੱਤੀ ਨੂੰ ਉੰਨੇ ਲੰਬੇ ਸਮੇਂ ਤਕ ਰੱਖਦੇ ਹੋ ਜਿੰਨੀ ਦੇਰ ਤਕ ਤੁਸੀਂ ਆਪਣੇ ਸੁਰੱਖਿਅਤ ਲੈਣਦਾਰਾਂ ਨੂੰ ਆਪਣੇ ਭੁਗਤਾਨ ਕਰਦੇ ਹੋ;
- ਤੁਹਾਡਾ ਦੋ ਲਾਜ਼ਮੀ ਸਲਾਹਕਾਰੀ ਦੇ ਸੱਤਰਾਂ ਤੇ ਹਾਜ਼ਰ ਹੋਣਾ ਲਾਜ਼ਮੀ ਹੈ; ਅਤੇ
- ਪ੍ਰਸਤਾਵ ਵਾਧੂ ਤਿੰਨ ਸਾਲਾਂ ਦੇ ਨਾਲ ਪ੍ਰਸਤਾਵ ਸਮੇਂ ਦੀ ਅਵਧੀ ਲਈ ਤੁਹਾਡੇ ਕ੍ਰੈਡਿਟ ਰਿਕਾਰਡ ਤੇ ਹੋਵੇਗਾ।

ਜੇ ਤੁਹਾਡੇ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਹੈ, ਤਾਂ ਤੁਹਾਡਾ ਐਲਆਈਟੀ ਪ੍ਰਸਤਾਵ ਵਿੱਚ ਤਬਦੀਲੀਆਂ ਕਰਨ ਅਤੇ ਇਸ ਨੂੰ ਮੁੜ ਤੋਂ ਜਮਾਂ ਕਰਨ ਲਈ ਤੁਹਾਡੇ ਨਾਲ ਕੰਮ ਕਰੇਗਾ। ਜਾਂ ਤੁਸੀਂ ਦੀਵਾਲੀਆਪਨ ਲਈ ਫਾਇਲ ਲਗਾਉਣ ਸਮੇਤ, ਆਪਣੀਆਂ ਵਿੱਤੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਹੋਰ ਵਿਕਲਪਾਂ ਤੇ ਵੀ ਨਜ਼ਰ ਮਾਰਨ ਦੇ ਯੋਗ ਹੋ ਸਕਦੇ ਹੋ।

ਇੱਕ ਵਾਰੀ ਜਦੋਂ ਪ੍ਰਸਤਾਵ ਨੂੰ ਓਐਸਬੀ ਦੇ ਕੋਲ ਫਾਇਲ ਕੀਤਾ ਜਾਂਦਾ ਹੈ, ਤਾਂ ਤੁਸੀਂ ਆਪਣੇ ਅਸੁਰੱਖਿਅਤ ਕਰਜ਼ਿਆਂ ਦੀ ਲੈਣਦਾਰਾਂ ਨੂੰ ਭੁਗਤਾਨ ਕਰਨੇ ਬੰਦ ਕਰ ਦਿੰਦੇ ਹੋ। ਨਾਲ ਹੀ, ਜੇ ਲੈਣਦਾਰ ਇੱਕ ਵੇਤਨ ਰੋਕ ਪਰਕਿਰਿਆ ਦਾ ਉਪਯੋਗ ਕਰ ਰਹੇ ਹਨ, ਜਾਂ ਉਨ੍ਹਾਂ ਨੇ ਤੁਹਾਡੇ ਖਿਲਾਫ ਮੁਕੱਦਮਾ ਫਾਇਲ ਕੀਤਾ ਹੈ, ਤਾਂ ਇਹ ਕਿਰਿਆਵਾਂ ਰੁੱਕ ਜਾਂਦੀਆਂ ਹਨ।

ਤੁਹਾਡੇ ਪ੍ਰਸਤਾਵ ਲਈ ਸਮਾਂ ਅਵਧੀ ਦੇ ਅੰਤ ਤੇ ਅਤੇ ਤੁਹਾਡੇ ਦੁਆਰਾ ਭੁਗਤਾਨ ਦੇ ਸਾਰੇ ਨਿਯਮਾਂ ਅਤੇ ਸ਼ਰਤਾਂ ਨੂੰ ਪੂਰਾ ਕੀਤੇ ਜਾਣ ਤਕ, ਤੁਹਾਨੂੰ ਪ੍ਰਸਤਾਵ ਵਿੱਚ ਸ਼ਾਮਲ ਕਰਜ਼ਿਆਂ ਤੋਂ ਕਾਨੂੰਨੀ ਤੌਰ ਤੇ ਮੁੱਕਤ ਕੀਤਾ ਜਾਵੇਗਾ।

ਨੋਟ:

ਜੇ ਤੁਸੀਂ $250,000 ਤੋਂ ਜ਼ਿਆਦਾ ਦੇ ਦੇਣਦਾਰ ਹੋ, ਤਾਂ ਤੁਹਾਡੇ ਕੋਲ ਇੱਕ ਵੱਖਰੇ ਤਰ੍ਹਾਂ ਦੇ ਪ੍ਰਸਤਾਵ ਨੂੰ ਫਾਇਲ ਕਰਨ ਦਾ ਵਿਕਲਪ ਹੈ, ਜਿਸ ਨੂੰ "ਡਿਵਿਜ਼ਨ I" ਪ੍ਰਸਤਾਵ ਕਿਹਾ ਜਾਂਦਾ ਹੈ। ਪਰ ਉਪਭੋਗਤਾ ਪ੍ਰਸਤਾਵ ਤੋਂ ਉਲਟ, ਜੇ ਇੱਕ ਡਿਵਿਜ਼ਨ I ਪ੍ਰਸਤਾਵ ਨੂੰ ਤੁਹਾਡੇ ਲੈਣਦਾਰਾਂ ਦੁਆਰਾ ਸਵੀਕਾਰ ਨਹੀਂ ਕੀਤਾ ਜਾਂਦਾ ਹੈ, ਤਾਂ ਤੁਸੀਂ ਆਪਣੇ-ਆਪ ਹੀ ਦੀਵਾਲੀਆ ਬਣ ਜਾਂਦੇ ਹੋ।

## ਦੀਵਾਲੀਆਪਨ

ਦੀਵਾਲੀਆਪਨ ਵੀ ਇੱਕ ਕਾਨੂੰਨੀ ਪਰਕਿਰਿਆ ਹੈ ਜਿਸ ਦਾ ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ (ਐਲਆਈਟੀ) ਦੇ ਜਰੀਏ ਮੁਲਾਂਕਣ ਕੀਤਾ ਜਾ ਸਕਦਾ ਹੈ। ਤੁਹਾਨੂੰ ਇੱਕ ਆਖਿਰੀ ਚਾਰੇ ਵਜੋਂ ਹੀ ਦੀਵਾਲੀਆਪਨ ਲਈ ਫਾਇਲ ਕਰਨਾ ਚਾਹੀਦਾ ਹੈ – ਜਦੋਂ ਤੁਸੀਂ ਆਪਣੀਆਂ ਵਿੱਤੀ ਜ਼ੁੰਮੇਵਾਰੀਆਂ ਨੂੰ ਪੂਰਾ ਨਹੀਂ ਕਰ ਸਕਦੇ ਹੋ ਅਤੇ ਕਿਸੇ ਵੀ ਹੋਰ ਤਰੀਕੇ ਨਾਲ ਆਪਣੇ ਕਰਜ਼ੇ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦੇ ਹੋ। ਇਹ ਸਮਝਣਾ ਮਹੱਤਵਪੂਰਨ ਹੈ ਕਿ ਤੁਹਾਨੂੰ ਦੀਵਾਲੀਆਪਨ ਲਈ ਫਾਇਲ ਕਰਨ ਵਾਸਤੇ ਕੀ ਕਰਨ ਦੀ ਲੋੜ ਹੋਵੇਗੀ, ਅਤੇ ਇਸ ਦੇ ਨਾਲ-ਨਾਲ ਤੁਹਾਡੇ ਤੇ ਇਸ ਦੇ ਕੀ ਪ੍ਰਭਾਵ ਪੈਣਗੇ।

ਐਲਆਈਟੀ ਲੋੜੀਂਦੇ ਫਾਰਮਾਂ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰੇਗਾ। ਇੱਕ ਵਾਰੀ ਜਦੋਂ ਉਨ੍ਹਾਂ ਨੂੰ ਫਾਇਲ ਕਰ ਦਿੱਤਾ ਜਾਂਦਾ ਹੈ ਅਤੇ ਓਐਸਬੀ ਤੇ ਕੰਮਕਾਜੀ ਅਧਿਕਾਰਤ ਪ੍ਰਾਪਤਕਰਤਾ ਨੇ ਦੀਵਾਲੀਆਪਨ ਦੀ ਸਮੀਖਿਆ ਅਤੇ ਇਸ ਨੂੰ ਸਵੀਕਾਰ ਕਰ ਲਿੱਤਾ ਹੈ, ਤਾਂ ਤੁਹਾਨੂੰ ਰਵਾਇਤੀ ਤੌਰ ਤੇ ਦੀਵਾਲੀਆ ਘੋਸ਼ਿਤ ਕਰ ਦਿੱਤਾ ਜਾਵੇਗਾ। ਉਦੋਂ ਤੋਂ ਲੈ ਕੇ, ਐਲਆਈਟੀ ਤੁਹਾਡੇ ਲੈਣਦਾਰਾਂ ਦੇ ਨਾਲ ਸਿੱਧੀ ਗੱਲ੍ਹਬਾਤ ਕਰੇਗਾ। ਲੈਣਦਾਰਾਂ ਜਾਂ ਕਲੈਕਸ਼ਨ ਏਜੰਸੀਆਂ ਵਲੋਂ ਕਾਲਾਂ ਵੀ ਰੁੱਕ ਜਾਣੀਆਂ ਚਾਹੀਦੀਆਂ ਹਨ। ਜੇ ਉਹ ਨਹੀਂ ਰੁਕਦੇ ਹਨ, ਤਾਂ ਉਨ੍ਹਾਂ ਨੂੰ ਤੁਹਾਡੇ ਐਲਆਈਟੀ ਦੇ ਨਾਲ ਗੱਲ੍ਹ ਕਰਨ ਲਈ ਨਿਰਦੇਸ਼ ਦਿਓ। ਇੱਕ ਐਲਆਈਟੀ ਤੁਹਾਨੂੰ ਹੋਰ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ ਜੋ ਤੁਹਾਡੇ ਖਾਸ ਮਾਮਲੇ ਤੇ ਲਾਗੂ ਹੁੰਦੀ ਹੈ।

ਜਦੋਂ ਤੁਸੀਂ ਦੀਵਾਲੀਆ ਹੋਣ ਦੀ ਘੋਸ਼ਣਾ ਕਰਦੇ ਹੋ, ਤਾਂ ਤੁਸੀਂ ਦੀਵਾਲੀਆਪਨ ਪਰਕਿਰਿਆ ਦੇ ਦੌਰਾਨ ਐਲਆਈਟੀ ਦੇ ਨਾਲ ਸਹਿਯੋਗ ਕਰਨ ਅਤੇ ਸਾਰੀ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਲਈ ਜ਼ੁੰਮੇਵਾਰ ਹੁੰਦੇ ਹੋ।

ਜਦੋਂ ਤੁਸੀਂ ਦੀਵਾਲੀਆ ਬਣ ਜਾਂਦੇ ਹੋ, ਤਾਂ ਐਲਆਈਟੀ ਸੂਬਾਈ ਜਾਂ ਖੇਤਰੀ ਕਾਨੂੰਨ ਦੇ ਤਹਿਤ ਹੋਣ ਤੋਂ ਇਲਾਵਾ ਤੁਹਾਡੀ ਸਾਰੀ ਸੰਪੱਤੀ ਤੇ ਕਬਜ਼ਾ ਕਰ ਲੈਂਦਾ ਹੈ, ਜਿਵੇਂ ਕਿ ਘਰੇਲੂ ਸਮਾਨ, ਕੱਪੜੇ ਅਤੇ ਤੁਹਾਡੇ ਵਪਾਰ ਦੇ ਜੰਤਰ।

ਉਸ ਸੰਪੱਤੀ ਦੀ ਵਿਕਰੀ ਕੀਤੀ ਜਾਵੇਗੀ ਜੋ ਤੁਸੀਂ ਐਲਆਈਟੀ ਨੂੰ ਦਿੰਦੇ ਹੋ, ਅਤੇ ਪੈਸੇ ਦਾ ਤੁਹਾਡੇ ਲੈਣਦਾਰਾਂ ਅਤੇ ਤੁਹਾਡੇ ਦੀਵਾਲੀਆਪਨ ਨਾਲ ਸਬੰਧਤ ਫੀਸਾਂ ਦਾ ਭੁਗਤਾਨ ਕਰਨ ਲਈ ਉਪਯੋਗ ਕੀਤਾ ਜਾਵੇਗਾ।

### ਜ਼ਰੂਰੀ ਸਲਾਹਕਾਰੀ

ਜੇ ਤੁਸੀਂ ਦੀਵਾਲੀਆਪਨ ਲਈ ਫਾਇਲ ਕਰਦੇ ਹੋ ਜਾਂ ਜੇ ਤੁਸੀਂ ਇੱਕ ਉਪਭੋਗਤਾ ਪ੍ਰਸਤਾਵ ਫਾਇਲ ਕਰਦੇ ਹੋ, ਤਾਂ ਤੁਹਾਨੂੰ ਇੱਕ ਯੋਗ ਸਲਾਹਕਾਰ ਜਾਂ ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ ਦੁਆਰਾ ਅਗਵਾਈ ਕੀਤੇ ਦੋ ਸਲਾਹਕਾਰੀ ਸੱਤਰਾਂ ਤੇ ਹਾਜ਼ਰ ਹੋਣ ਦੀ ਲੋੜ ਹੋਵੇਗੀ। ਇਹ ਸੱਤਰ ਤੁਹਾਡੇ ਭਵਿੱਖੀ ਵਿੱਤੀ ਮਸਲਿਆਂ ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਮਦਦ ਕਰਣਗੇ।

### ਫੀਸ

ਤੁਹਾਨੂੰ ਇੱਕ ਉਪਭੋਗਤਾ ਪ੍ਰਸਤਾਵ ਜਾਂ ਦੀਵਾਲੀਆਪਨ ਨੂੰ ਫਾਇਲ ਕਰਨ ਲਈ ਫੀਸਾਂ ਦਾ ਭੁਗਤਾਨ ਕਰਨ ਦੀ ਲੋੜ ਹੋਵੇਗੀ। ਫੀਸਾਂ ਹਰ ਮਾਮਲੇ ਵਿੱਚ ਵੱਖ-ਵੱਖ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਸੰਘੀ ਸਰਕਾਰ ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ।

# ਦੀਵਾਲੀਆਪਨ ਤੋਂ ਮੁਕਤੀ ਨੂੰ ਸਮਝਣਾ

ਦੀਵਾਲੀਆਪਨ ਤੋਂ ਮੁਕਤੀ ਦੀਵਾਲੀਆਪਨ ਵਿੱਚ ਅੰਤਿਮ ਕਦਮ ਹੁੰਦਾ ਹੈ। ਇੱਕ ਵਾਰੀ ਜਦੋਂ ਤੁਸੀਂ ਦੀਵਾਲੀਪਨ ਤੋਂ ਮੁਕਤ ਹੋ ਜਾਂਦੇ ਹੋ, ਤਾਂ ਤੁਹਾਨੂੰ ਉਨ੍ਹਾਂ ਜ਼ਿਆਦਾਤਰ ਕਰਜ਼ਿਆਂ ਦਾ ਮੁੜ-ਭੁਗਤਾਨ ਕਰਨ ਲਈ ਕਾਨੂੰਨੀ ਜ਼ੁੰਮੇਵਾਰੀ ਤੋਂ ਅਜ਼ਾਦ ਕੀਤਾ ਜਾਵੇਗਾ ਜੋ ਕਿ ਤੁਹਾਡੇ ਉੱਤੇ ਉਦੋਂ ਸਨ ਜਦੋਂ ਤੁਹਾਨੂੰ ਦੀਵਾਲੀਆ ਘੋਸ਼ਿਤ ਕੀਤਾ ਗਿਆ ਸੀ। ਕੁਝ ਖਾਸ ਤਰ੍ਹਾਂ ਦੇ ਕਰਜ਼ਿਆਂ ਨੂੰ ਮਾਫ ਨਹੀਂ ਕੀਤਾ ਜਾਵੇਗਾ ਜਿਵੇਂ ਕਿ ਗੁਜਾਰਾ, ਸਮਰਥਨ ਭੁਗਤਾਨ ਜਾਂ ਅਦਾਲਤ ਦੁਆਰਾ ਲਗਾਏ ਗਏ ਜੁਰਮਾਨੇ, ਹਰਜਾਨੇ ਜਾਂ ਮੁੜ-ਭੁਗਤਾਨ ਦੇ ਹੁਕਮ।

ਪੂਰੀ ਪਰਕਿਰਿਆ ਦੇ ਦੌਰਾਨ ਲਸੰਸਸ਼ੁਦਾ ਦੀਵਾਲਾ ਟ੍ਰਸਟੀ (ਐਲਆਈਟੀ) ਦੇ ਨਾਲ ਤੁਹਾਡੇ ਸਹਿਯੋਗ ਅਤੇ ਤੁਹਾਡੇ ਹਲਾਤ ਤੇ ਨਿਰਭਰ ਕਰਦੇ ਹੋਏ, ਇੱਕ ਮੁਕਤੀ ਨੂੰ ਹਾਸਲ ਕਰਨ ਵਿੱਚ ਨੌ ਮਹੀਨੇ ਜਾਂ ਜ਼ਿਆਦਾ ਸਮਾਂ ਲੱਗੇਗਾ।

### ਤੁਹਾਡੀ ਕ੍ਰੈਡਿਟ ਰੇਟਿੰਗ ਦਾ ਕੀ ਬਣਦਾ ਹੈ ਜੇ ਤੁਸੀਂ ਇੱਕ ਪ੍ਰਸਤਾਵ ਫਾਇਲ ਕਰਦੇ ਹੋ ਜਾਂ ਦੀਵਾਲੀਆਪਨ ਦੀ ਘੋਸ਼ਣਾ ਕਰਦੇ ਹੋ?

ਕ੍ਰੈਡਿਟ ਬਿਊਰੋ ਨੂੰ ਸੂਚਿਤ ਕੀਤਾ ਜਾਂਦਾ ਹੈ ਜਦੋਂ ਕਿਸੇ ਦੀਵਾਲੀਆਪਨ ਜਾਂ ਪ੍ਰਸਤਾਵ ਨੂੰ ਫਾਇਲ ਕੀਤਾ ਜਾਂਦਾ ਹੈ। ਇੱਕ ਉਪਭੋਗਤਾ ਪ੍ਰਸਤਾਵ ਵਾਧੂ ਤਿੰਨ ਸਾਲਾਂ ਦੇ ਨਾਲ ਪ੍ਰਸਤਾਵ ਸਮੇਂ ਦੀ ਅਵਧੀ ਲਈ ਤੁਹਾਡੇ ਕ੍ਰੈਡਿਟ ਰਿਕਾਰਡ ਤੇ ਉਪਲਬਧ ਰਹੇਗਾ। ਪਹਿਲੇ ਦੀਵਾਲੀਆਪਨ ਬਾਰੇ ਜਾਣਕਾਰੀ ਨੂੰ ਆਮਤੌਰ ਤੇ ਇਸ ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿਹੜੇ ਸੂਬੇ ਵਿੱਚ ਰਹਿੰਦੇ ਹੋ, ਤੁਹਾਨੂੰ ਦੀਵਾਲੀਆਪਨ ਤੋਂ ਮੁਕਤੀ ਦਿੱਤੇ ਜਾਣ ਤੋਂ ਛੇ ਜਾਂ ਸੱਤ ਸਾਲਾਂ ਬਾਅਦ ਤੁਹਾਡੀ ਕ੍ਰੈਡਿਟ ਰਿਪੋਰਟ ਤੋਂ ਹਟਾਇਆ ਜਾਂਦਾ ਹੈ।

### ਉਪਭੋਗਤਾ ਪ੍ਰਸਤਾਵ ਅਤੇ ਦੀਵਾਲੀਆਪਨ ਦੇ ਰਿਕਾਰਡ ਸਮਾਜਕ ਰਹਿੰਦੇ ਹਨ

ਜਦੋਂ ਤੁਸੀਂ ਇੱਕ ਪ੍ਰਸਤਾਵ ਫਾਇਲ ਕਰਦੇ ਹੋ ਜਾਂ ਦੀਵਾਲੀਆਪਨ ਦੀ ਘੋਸ਼ਣਾ ਕਰਦੇ ਹੋ, ਤਾਂ ਤੁਹਾਡਾ ਨਾਂ ਸਮਾਜਕ ਦੀਵਾਲੀਆਪਨ ਅਤੇ ਦੀਵਾਲਾ ਰਿਕਾਰਡਾਂ ਦਾ ਹਿੱਸਾ ਬਣ ਜਾਂਦਾ ਹੈ। ਇਨ੍ਹਾਂ ਰਿਕਾਰਡਾਂ ਤਕ ਉਹ ਕੋਈ ਵੀ ਵਿਅਕਤੀ ਪਹੁੰਚ ਪ੍ਰਾਪਤ ਕਰ ਸਕਦਾ ਹੈ ਜੋ ਜਾਣਕਾਰੀ ਲਈ ਬੇਨਤੀ ਕਰਦਾ ਹੈ।

## ਕਈ ਵਾਰੀ ਦੀਵਾਲੀਆਪਨ ਤੋਂ ਮੁਕਤੀ ਆਪਣੇ-ਆਪ ਹੁੰਦੀ ਹੈ

ਤੁਹਾਡੀ ਮੁਕਤੀ ਆਪਣੇ-ਆਪ ਵਾਪਰਦੀ ਹੈ ਜਾਂ ਨਹੀਂ, ਇਹ ਕਈ ਕਾਰਕਾਂ ਤੇ ਨਿਰਭਰ ਕਰਦਾ ਹੈ।

ਜੇ ਇਹ ਤੁਹਾਡਾ ਪਹਿਲਾ ਦੀਵਾਲੀਆਪਨ ਹੈ, ਤਾਂ ਤੁਹਾਨੂੰ ਫਾਇਲ ਲਗਾਉਣ ਤੋਂ ਨੌ ਮਹੀਨਿਆਂ ਬਾਅਦ ਦੀਵਾਲੀਆਪਨ ਤੋਂ ਆਪਣੇ-ਆਪ ਮੁਕਤੀ ਦਿੱਤੀ ਜਾਵੇਗੀ ਜਿੰਨੀ ਦੇਰ ਤਕ:

1) ਤੁਹਾਡੀ ਮੁਕਤੀ ਦਾ ਐਲਆਈਟੀ ਦੁਆਰਾ, ਜਾਂ ਲੈਣਦਾਰ ਦੁਆਰਾ, ਜਾਂ ਦੀਵਾਲੀਆਪਨ ਦੇ ਪ੍ਰਬੰਧਕ ਦੇ ਦਫਤਰ (ਓਐਸਬੀ) ਦੁਆਰਾ ਵਿਰੋਧ ਨਹੀਂ ਕੀਤਾ ਜਾਂਦਾ ਹੈ; ਅਤੇ
2) ਤੁਸੀਂ ਸਲਾਹਕਾਰੀ ਪ੍ਰਾਪਤ ਕਰਨ ਲਈ ਮਨਾਹੀ ਜਾਂ ਲਾਪਰਵਾਹੀ ਨਹੀਂ ਕੀਤੀ ਹੈ; ਅਤੇ
3) ਤੁਹਾਨੂੰ ਓਐਸਬੀ ਦੁਆਰਾ ਪ੍ਰਮਾਣਿਤ ਮਾਨਕ ਦੇ ਮੁਤਾਬਕ ਤੁਹਾਡੀ ਵਾਧੂ ਆਮਦਨੀ ਦੇ ਇੱਕ ਹਿੱਸੇ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੁੰਦੀ ਹੈ। ਜੇ ਤੁਹਾਨੂੰ ਵਾਧੂ ਆਮਦਨੀ ਤੋਂ ਆਪਣੇ ਐਲਆਈਟੀ ਨੂੰ ਭੁਗਤਾਨ ਕਰਨ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ 21 ਮਹੀਨਿਆਂ ਲਈ ਆਪਣੀ ਆਮਦਨੀ ਦੇ ਕੁਝ ਹਿੱਸੇ ਦਾ ਯੋਗਦਾਨ ਪਾਉਣ ਤੋਂ ਬਾਅਦ ਇੱਕ ਸਵੈਚਲਿਤ ਮੁਕਤੀ ਲਈ ਪਾੱਤਰ ਕੀਤਾ ਜਾਵੇਗਾ। ਜੇ ਤੁਸੀਂ ਇੱਕ ਸਵੈਚਲਿਤ ਮੁਕਤੀ ਲਈ ਯੋਗ ਨਹੀਂ ਹੁੰਦੇ ਹੋ, ਤਾਂ ਤੁਹਾਨੂੰ ਇੱਕ ਮੁਕਤੀ ਦੀ ਸੁਣਵਾਈ ਤੇ ਹਾਜ਼ਰ ਹੋਣ ਲਈ ਅਦਾਲਤ ਜਾਣ ਦੀ ਲੋੜ ਹੋਵੇਗੀ।

## ਦੀਵਾਲੀਆਪਨ ਨਾਲ ਸਬੰਧਤ ਵਿਚੋਲਗੀ

ਵਾਧੂ ਆਮਦਨੀ ਦੇ ਭੁਗਤਾਨਾਂ ਦੇ ਸਬੰਧ ਵਿੱਚ ਉਸ ਵਿਅਕਤੀ, ਜਿਸ ਨੇ ਦੀਵਾਲੀਆਪਨ ਦੀ ਘੋਸ਼ਣਾ ਕੀਤੀ ਹੈ, ਅਤੇ ਉਨ੍ਹਾਂ ਦੇ ਐਲਆਈਟੀ ਦੇ ਵਿੱਚ ਦੇ ਵਿਵਾਦਾਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਦੀਵਾਲੀਆਪਨ ਨਾਲ ਸਬੰਧਤ ਵਿਚੋਲਗੀ ਉਪਲਬਧ ਹੈ। ਕੁਝ ਖਾਸ ਹਲਾਤਾਂ ਦੇ ਤਹਿਤ, ਵਿਚੋਲਗੀ ਤਾਂ ਵੀ ਉਪਲਬਧ ਹੁੰਦੀ ਹੈ ਜੇ ਲੈਣਦਾਰ ਮੁਕਤੀ ਦਾ ਵਿਰੋਧ ਕਰਦਾ ਹੈ। ਵਧੇਰੀ ਜਾਣਕਾਰੀ ਲਈ, Canada.ca ਵੈਬਸਾਇਟ ਦੇ ਜਰੀਏ ਓਐਸਬੀ ਤੇ ਜਾਓ।

# ਦੀਵਾਲੀਆਪਨ ਦੇ ਪ੍ਰਬੰਧਕ ਦੇ ਦਫਤਰ ਬਾਰੇ ਜਾਣਕਾਰੀ

ਦੀਵਾਲੀਆਪਨ ਦੇ ਪ੍ਰਬੰਧਕ ਦਾ ਦਫਤਰ (ਓਐਸਬੀ) ਕੰਪਨੀਜ਼' ਕ੍ਰੈਡਿਟਰਸ ਅਰੇਂਜਮੈਂਟ ਐਕਟ ਦੇ ਤਹਿਤ ਕੁਝ ਖਾਸ ਕਰਤੱਵਾਂ ਦੇ ਨਾਲ-ਨਾਲ, ਬੈਂਕ੍ਰਪਸੀ ਐਂਡ ਇਨਸੋਲਵੈਂਸੀ ਐਕਟ ਦੇ ਪ੍ਰਬੰਧਨ ਲਈ ਜ਼ੁੰਮੇਵਾਰ ਹੈ। ਅਸੀਂ ਦੀਵਾਲੀਆ ਪੇਸ਼ੇ ਨੂੰ ਲਸੰਸ ਦਿੰਦੇ ਹਾਂ ਅਤੇ ਇਸ ਨੂੰ ਨਿਯੰਤ੍ਰਿਤ ਕਰਦੇ ਹਾਂ, ਇੱਕ ਕੁਸ਼ਲ ਅਤੇ ਪ੍ਰਭਾਵਸ਼ਾਲੀ ਨਿਯਾਮਕੀ ਸੰਰਚਨਾ ਨੂੰ ਯਕੀਨੀ ਬਣਾਉਂਦੇ ਹਾਂ, ਦੀਵਾਲਾ ਪਰਕਿਰਿਆ ਦੇ ਨਾਲ ਸ਼ੇਅਰਧਾਰਕ ਦੇ ਅਨੁਸਰਨ ਦੀ ਨਿਗਰਾਨੀ ਕਰਦੇ ਹਾਂ, ਅਤੇ ਸਮਾਜਕ ਰਿਕਾਰਡਾਂ ਅਤੇ ਅੰਕੜਿਆਂ ਨੂੰ ਕਾਇਮ ਰੱਖਦੇ ਹਾਂ।

## ਸਵਾਲ ਅਤੇ ਸ਼ਿਕਾਇਤਾਂ

ਜੇ ਤੁਹਾਡੇ ਪ੍ਰਸਤਾਵਾਂ, ਦੀਵਾਲੀਆਪਨ ਦੀ ਪਰਕਿਰਿਆ ਅਤੇ ਹੋਰ ਸਬੰਧਤ ਮਸਲਿਆਂ ਬਾਰੇ ਸਵਾਲ ਹਨ, ਤਾਂ ਇੱਕ ਲਸੰਸਸ਼ੁਦਾ ਦੀਵਾਲਾ ਟ੍ਰਸਟੀ (ਐਲਆਈਟੀ) ਨਾਲ ਗੱਲ ਕਰੋ, ਜਾਂ ਫੋਨ ਦੁਆਰਾ, ਜਾਂ Canada.ca ਵੈਬਸਾਇਟ ਦੇ ਜਰੀਏ ਓਐਸਬੀ ਨਾਲ ਸੰਪਰਕ ਕਰੋ।

ਓਐਸਬੀ ਐਲਆਈਟੀ, ਦੇਣਦਾਰਾਂ ਅਤੇ ਲੈਣਦਾਰਾਂ ਦੇ ਖਿਲਾਫ ਸ਼ਿਕਾਇਤਾਂ ਨੂੰ ਰਿਕਾਰਡ ਕਰਨ, ਅਤੇ ਜਿੱਥੇ ਉੱਚਿਤ ਹੋਵੇ, ਇਨ੍ਹਾਂ ਦੀ ਛਾਣਬੀਣ ਕਰਨ ਲਈ ਵੀ ਜ਼ੁੰਮੇਵਾਰ ਹੈ। ਇੱਕ ਸ਼ਿਕਾਇਤ ਦਰਜ ਕਰਨ ਲਈ, ਤੁਸੀਂ ਜਾਂ ਤੇ ਫੋਨ ਦੁਆਰਾ, ਜਾਂ ਫੇਰ Canada.ca ਵੈਬਸਾਇਟ ਦੇ ਜਰੀਏ ਓਐਸਬੀ ਨਾਲ ਸੰਪਰਕ ਕਰ ਸਕਦੇ ਹੋ।

**1-877-376-9902**
1-866-694-8389 (ਕਮਜ਼ੋਰ ਸੁਣਨ ਸ਼ਕਤੀ ਵਾਲਿਆਂ ਲਈ)
(8:30 a.m. to 4:30 p.m. – ਸੋਮਵਾਰ ਤੋਂ ਸ਼ੁੱਕਰਵਾਰ)

**Your Money Matters** ਦੇ ਨਾਲ

Facebook ਅਤੇ Twitter ’ਤੇ ਸੰਪਰਕ ਵਿੱਚ ਰਹੋ

Office of Consumer Affairs ਤੋਂ ਆਪਨੇ ਕਰਜੇ ਨੂੰ ਕਾਬੂ ਰਖਣ

ਬਾਰੇ ਵਧੇਰੇ ਸਰੋਤ ਅਤੇ ਜਾਣਕਾਰੀ ਪ੍ਰਾਪਤ ਕਰੋ।